Rajinder Kumar
Maths Master
G.S.S.S. Bhalga (Jal.)

# Exercise 6.4

**Q1**

Sol. → (ਉ) ਅਸੀਂ ਜਾਣਦੇ ਹਾਂ ਕਿ ਕਿਸੇ ਵੀ ਤ੍ਰਿਭੁਜ ਦੀਆਂ ਕੋਈ ਦੋ ਭੁਜਾਵਾਂ ਦਾ ਜੋੜ ਹਮੇਸ਼ਾ ਤੀਜੀ ਭੁਜਾ ਤੋਂ ਵੱਡਾ ਹੁੰਦਾ ਹੈ।

(i) ਤ੍ਰਿਭੁਜ ਦੀਆਂ ਦਿੱਤੀਆਂ ਭੁਜਾਵਾਂ 2 cm, 3 cm ਅਤੇ 5 cm

ਹੁਣ $2+3(=5\text{ cm}) = 5\text{ cm}$ (ਤੀਜੀ ਭੁਜਾ)

∴ ਤ੍ਰਿਭੁਜ ਦੀ ਰਚਨਾ ਸੰਭਵ ਨਹੀਂ ਹੈ।

(ii) ਤ੍ਰਿਭੁਜ ਦੀਆਂ ਦਿੱਤੀਆਂ ਭੁਜਾਵਾਂ 3 cm, 6 cm ਅਤੇ 7 cm

ਹੁਣ $3\text{ cm} + 6\text{ cm}(=9\text{ cm}) > 7\text{ cm}$ (ਤੀਜੀ ਭੁਜਾ)

$6\text{ cm} + 7\text{ cm}(=13\text{ cm}) > 3\text{ cm}$ ( " )

$3\text{ cm} + 7\text{ cm}(=10\text{ cm}) > 6\text{ cm}$ ( " )

ਕਿਉਂਕਿ ਕਿਸੇ ਵੀ ਦੋ ਭੁਜਾਵਾਂ ਦਾ ਜੋੜ ਤੀਜੀ ਭੁਜਾ ਤੋਂ ਵੱਡਾ ਹੈ।

∴ ਤ੍ਰਿਭੁਜ ਦੀ ਰਚਨਾ ਸੰਭਵ ਹੈ।

(iii) ਤ੍ਰਿਭੁਜ ਦੀਆਂ ਭੁਜਾਵਾਂ 6 cm, 3 cm ਅਤੇ 2 cm

ਹੁਣ $6\text{ cm} + 3\text{ cm}(=9\text{ cm}) > 2\text{ cm}$ (ਤੀਜੀ ਭੁਜਾ)

ਪਰ $3\text{ cm} + 2\text{ cm}(=5\text{ cm}) \not> 6\text{ cm}$ ( " )

∴ ਤ੍ਰਿਭੁਜ ਦੀ ਰਚਨਾ ਸੰਭਵ ਨਹੀਂ ਹੈ।

---

**Q2**

Sol. → ਕਿਉਂਕਿ ਬਿੰਦੂ O ਤ੍ਰਿਭੁਜ PQR ਦੇ ਅੰਦਰ ਸਥਿਤ ਹੈ। ਇਸ ਤਰ੍ਹਾਂ ਤਿੰਨ ਤ੍ਰਿਭੁਜਾਂ $\Delta OPQ$, $\Delta OQR$ ਅਤੇ $\Delta ORP$ ਦੀ ਰਚਨਾ ਕੀਤੀ ਜਾ ਸਕਦੀ ਹੈ।

ਸਾਨੂੰ ਪਤਾ ਹੈ ਕਿ ਕਿਸੇ ਵੀ ਤ੍ਰਿਭੁਜ ਦੀਆਂ ਦੋ ਭੁਜਾਵਾਂ ਦਾ ਜੋੜ ਹਮੇਸ਼ਾ ਤੀਜੀ ਭੁਜਾ ਤੋਂ ਵੱਡਾ ਹੁੰਦਾ ਹੈ।




(i) ~~ΔOPQ~~ ਤ੍ਰਿਭੁਜ ਤਾਂ, $\Delta OPQ$ ਵਿੱਚ $OP + OQ > PQ$ ਹੈ।

(ii) ਜਾਂ, $\Delta OQR$ ਵਿੱਚ $OQ + OR > QR$ ਹੈ।

(iii) ਜਾਂ, $\Delta ORP$ ਵਿੱਚ ਵੀ $OR + OP > PR$ ਹੈ।

---



Scanned by CamScanner

Rajinder Kumar (Maths. Master)
G.S.S.S. Bilga (Jal.)

**Q3.**

**ਹੱਲ:**→ ਸਾਨੂੰ ਪਤਾ ਹੈ ਕਿ ਤ੍ਰਿਭੁਜ ਦੀਆਂ ਦੋ ਭੁਜਾਵਾਂ ਦਾ ਜੋੜ ਹਮੇਸ਼ਾ ਤੀਜੀ ਭੁਜਾ ਤੋਂ ਵੱਡਾ ਹੁੰਦਾ ਹੈ।




ਇਸ ਤਰ੍ਹਾਂ $\Delta ABM$ ਵਿਚ

$AB + BM > AM$ ——— (1)

ਅਤੇ $\Delta ACM$ ਵਿਚ

$AC + CM > AM$ ——— (2)

(1) ਅਤੇ (2) ਨੂੰ ਜੋੜਨ ਤੇ

$AB + BM + AC + CM > AM + AM$

$AB + AC + (BM + CM) > 2AM$

$AB + AC + BC > 2AM$ (ਸਿੱਧ ਹੋਇਆ)

---

**Q4**

**ਹੱਲ:**→ ਸਾਨੂੰ ਪਤਾ ਹੈ ਕਿ ਤ੍ਰਿਭੁਜ ਦੀਆਂ ਕਿਸੇ ਦੋ ਭੁਜਾਵਾਂ ਦਾ ਜੋੜ ਹਮੇਸ਼ਾ ਤੀਜੀ ਭੁਜਾ ਤੋਂ ਵੱਡਾ ਹੁੰਦਾ ਹੈ।




ਇਸ ਤਰ੍ਹਾਂ $\Delta ABC$ ਵਿਚ

$AB + BC > CA$ ——— (1)

ਫਿਰ $\Delta BCD$ ਵਿਚ

$BC + CD > DB$ ——— (2)

ਫਿਰ $\Delta CDA$ ਵਿਚ

$CD + DA > AC$ ——— (3)

ਅਤੇ $\Delta DAB$ ਵਿਚ

$DA + AB > DB$ ——— (4)

(1), (2), (3) ਅਤੇ (4) ਨੂੰ ਜੋੜਨ ਤੇ

$AB + BC + BC + CD + CD + DA + DA + AB > CA + DB + AC + DB$

$(AB + AB) + (BC + BC) + (CD + CD) + (DA + DA) > CA + DB + CA + DB$

$2AB + 2BC + 2CD + 2DA > 2CA + 2DB$

$2(AB + BC + CD + DA) > 2(CA + DB)$

$(AB + BC + CD + DA) > (CA + DB)$

ਸਿੱਧ ਹੋਇਆ।

---



Scanned by CamScanner

G.S.S.S. Balga (Jal)  Rajinder Kumar (Maths Master)

**Q5**

**Sol:→** ਸਾਨੂੰ ਪਤਾ ਹੈ ਕਿ ਤ੍ਰਿਭੁਜ ਦੀਆਂ ਕੋਈ ਦੋ ਭੁਜਾਵਾਂ ਦਾ ਜੋੜ ਤੀਸਰੀ ਭੁਜਾ ਤੋਂ ਵੱਡਾ ਹੁੰਦਾ ਹੈ।




ਇਸ ਤਰ੍ਹਾਂ $\Delta AOB$ ਵਿੱਚ

$OA + OB > AB$ —— (1)

ਇਸੇ $\Delta OBC$ ਵਿੱਚ

$OB + OC > BC$ —— (2)

ਇਸੇ $\Delta OCD$ ਵਿੱਚ

$OC + OD > CD$ —— (3)

ਅਤੇ $\Delta ODA$ ਵਿੱਚ

$OD + OA > DA$ —— (4)

(1), (2), (3) ਅਤੇ (4) ਨੂੰ ਜੋੜਨ ਤੇ

$$OA + OB + OB + OC + OC + OD + OD + OA > AB + BC + CD + DA$$

$$(OA + OA) + (OB + OB) + (OC + OC) + (OD + OD) > AB + BC + CD + DA$$

$$2OA + 2OB + 2OC + 2OD > AB + BC + CD + DA$$

ਜਾਂ $$2(OA + OC) + 2(OB + OD) > AB + BC + CD + DA$$

$$2AC + 2BD > AB + BC + CD + DA$$

$$2(AC + BD) > AB + BC + CD + DA$$

ਜਾਂ $$AB + BC + CD + DA < 2(AC + BD)$$

ਸਿੱਧ ਹੋਇਆ।

---

**Q6**

**Sol:→** ਕਿਉਂਕਿ ਤ੍ਰਿਭੁਜ ਦੀਆਂ ਦੋਵੇਂ ਭੁਜਾਵਾਂ ਦਾ ਜੋੜ ਤੀਸਰੀ ਭੁਜਾ ਤੋਂ ਵੱਡਾ ਹੁੰਦਾ ਹੈ।

ਮੰਨ ਲਓ ਤ੍ਰਿਭੁਜ ਦੀਆਂ ਦੋ ਭੁਜਾਵਾਂ 12 cm ਅਤੇ 15 cm ਹਨ।

∴ ਤ੍ਰਿਭੁਜ ਦੀ ਤੀਸਰੀ ਭੁਜਾ (12 cm + 15 cm) = 27 cm ਤੋਂ ਛੋਟੀ ਹੋਵੇਗੀ।

ਅਤੇ ਕਿਉਂਕਿ ਤ੍ਰਿਭੁਜ ਦੀ ਤੀਸਰੀ ਭੁਜਾ ਬਾਕੀ ਦੋ ਭੁਜਾਵਾਂ ਦੇ ਅੰਤਰ ਤੋਂ ਵੱਡੀ ਹੋ ਸਕਦੀ ਹੈ।

∴ ਤ੍ਰਿਭੁਜ ਦੀ ਤੀਸਰੀ ਭੁਜਾ (15 cm − 12 cm) = 3 cm ਤੋਂ ਵੱਡੀ ਹੋਵੇਗੀ।

ਇਸ ਤਰ੍ਹਾਂ ਤੀਸਰੀ ਭੁਜਾ ਦੀ ਲੰਬਾਈ 3 cm ਤੋਂ ਵੱਧ ਅਤੇ 27 cm ਤੋਂ ਘੱਟ ਹੋਵੇਗੀ।

---



Scanned by CamScanner